# AKAL UNIVERSITY

**TALWANDI SABO**

(Estd. under Punjab State Act No. 25 of 2015)

## Syllabus

**For**

## Master of Arts (Hons.) in Punjabi

**(2024-2026)**

## DEPARTMENT OF PUNJABI

## FACULTY OF HUMANITIES AND SOCIAL SCIENCES

ਪ੍ਰਸਤਾਵਨਾ (Preamble)

ਨਰੋਏ ਸਮਾਜ ਅਤੇ ਰਾਸ਼ਟਰ ਦੀ ਸਿਰਜਣਾ ਵਿਚ ਸਿੱਖਿਆ ਦੀ ਅਹਿਮ ਭੂਮਿਕਾ ਹੁੰਦੀ ਹੈ। ਉੱਚ ਸਿੱਖਿਆ ਸੰਸਥਾਵਾਂ ਮਨੁੱਖੀ ਵਿਅਕਤੀਤਵ ਨੂੰ ਇਸ ਤਰ੍ਹਾਂ ਘੜਦੀਆਂ ਹਨ ਕਿ ਉਹ ਆਪਣੇ ਆਲੇ ਦੁਆਲੇ, ਸਮਾਜ, ਦੇਸ਼, ਕੌਮ, ਅਤੇ ਕੁਦਰਤ ਨੂੰ ਸਮਝ, ਸੰਭਾਲਣ ਅਤੇ ਉਸਦੀ ਬਿਹਤਰੀ ਲਈ ਕਾਰਜ ਕਰਨ ਦੇ ਯੋਗ ਹੋ ਸਕੇ। ਕਿਸੇ ਵੀ ਯੂਨੀਵਰਸਿਟੀ ਦੇ ਪ੍ਰੋਗਰਾਮ ਦੀ ਕੋਸ਼ਿਸ਼ ਆਪਣੇ ਵਿਦਿਆਰਥੀ ਨੂੰ ਚੰਗੇ ਨਾਗਰਿਕ, ਬਿਹਤਰ ਇਨਸਾਨ, ਅਤੇ ਮਾਨਵੀ ਮੁੱਲਾਂ ਦੇ ਧਾਰਨੀ ਮਨੁੱਖਾਂ ਵਜੋਂ ਵਿਕਸਤ ਕਰਨ ਦੇ ਨਾਲ ਨਾਲ ਉਸਨੂੰ ਦੁਨੀਆ ਪੱਧਰ ਦੀਆਂ ਤਕਨੀਕਾਂ / ਸਾਧਨਾਂ / ਸਿਧਾਂਤਾਂ ਬਾਰੇ ਗਿਆਨ ਅਤੇ ਮੁਹਾਰਤ ਦੇਣਾ ਹੈ।

ਅਕਾਲ ਯੂਨੀਵਰਸਿਟੀ ਦੀ ਸਥਾਪਨਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ "ਇਹ ਹੈ ਪ੍ਰਗਟ ਹਮਾਰੀ ਕਾਸ਼ੀ, ਪੜ੍ਹ ਹੈ ਇਹਾਂ ਢੋਰ ਮਤਿ ਰਾਸੀ।" ਨੂੰ ਪੂਰਾ ਕਰਨ ਹਿਤ ਪਹਿਲੇ ਚਾਂਸਲਰ ਅਤੇ ਕਲਗੀਧਰ ਟਰਸਟ, ਬੜੂ ਸਾਹਿਬ ਦੇ ਮੁਖੀ ਸੱਚ ਖੰਡ ਵਾਸੀ ਬ੍ਰਹਮ ਗਿਆਨੀ ਬਾਬਾ ਇਕਬਾਲ ਸਿੰਘ ਜੀ ਦੇ ਰਾਹੀਂ ਮਾਨਵੀ ਮੁੱਲਾਂ ਦੇ ਆਧਾਰਿਤ ਉੱਚ ਅਕਾਦਮਿਕ ਸਿੱਖਿਆ ਦੇਣ ਹਿਤ ਤਲਵੰਡੀ ਸਾਬੋ ਵਿਖੇ 2015 ਵਿਚ ਹੋਈ। ਅਕਾਲ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਪੂਰੀ ਤਨਦੇਹੀ ਨਾਲ ਉਪਰੋਕਤ ਬਚਨਾਂ ਨੂੰ ਨਿਭਾਉਣ ਲਈ ਕਾਰਜਸ਼ੀਲ ਹੈ। ਵਿਭਾਗ ਦੇ ਪਾਠਕ੍ਰਮ ਇਸੇ ਦਿਸ਼ਾ ਵਿਚ ਅੱਗੇ ਵਧਣ ਲਈ ਯੋਗਦਾਨ ਪਾਉਣ ਲਈ ਤਿਆਰ ਕੀਤੇ ਗਏ ਹਨ।

ਸਿੱਖਿਆ ਦੀਆਂ ਪ੍ਰਾਪਤੀਆਂ 'ਤੇ ਆਧਾਰਿਤ ਪਾਠਕ੍ਰਮ ਢਾਂਚੇ (Learning Outcomes-based Curriculum Framework (LOCF)) ਦਾ ਉਦੇਸ਼ ਵਧੇਰੇ ਕੇਂਦਰਿਤ ਅਤੇ ਪ੍ਰਾਪਤੀਆਂ 'ਤੇ ਅਧਾਰਿਤ ਸਿਲੇਬਸ ਤਿਆਰ ਕਰਨਾ ਹੈ ਜਿਸ ਨਾਲ ਅਧਿਆਪਨ ਅਤੇ ਸਿੱਖਿਆ ਨੂੰ ਵਧੇਰੇ ਵਿਦਿਆਰਥੀ-ਕੇਂਦ੍ਰਿਤ (student-centric) ਕਰਨਾ ਹੈ। ਨਤੀਜੇ ਵਜੋਂ ਵਿਦਿਆਰਥੀ ਆਪਣੇ ਪਸੰਦ ਦੇ ਪ੍ਰੋਗਰਾਮ ਚੁਣਦੇ ਹੋਏ ਚਾਅ ਨਾਲ ਸਿਖਦੇ ਹਨ। ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਅਕਾਦਮਿਕ, ਖੋਜ ਅਤੇ ਰੁਜਗਾਰ ਯੋਗਤਾ ਹਾਸਿਲ ਕਰਨ ਦੇ ਕਾਬਿਲ ਬਣਾਉਂਦੇ ਹਨ।

ਪ੍ਰੋਗਰਾਮ ਕੁਦਰਤੀ ਰੂਪ ਵਿਚ ਇਸ ਤਰ੍ਹਾਂ ਤਿਆਰ ਹੋ ਜਾਣਗੇ ਜੋ ਵਿਦਿਆਰਥੀਆਂ ਨੂੰ ਪੋਸਟ-ਗ੍ਰੈਜੂਏਸ਼ਨ ਪੱਧਰ ਤੇ ਇਕ ਉੱਤਮ ਮਨੁੱਖ ਵਜੋਂ ਵਿਕਸਤ ਕਰਨਗੇ। ਪ੍ਰੋਗਰਾਮ ਰਾਹੀਂ ਸਿੱਖਿਆ ਗ੍ਰਹਿਣ ਕਰਨ ਦੌਰਾਨ ਵਿਦਿਆਰਥੀ ਮਾਨਸਿਕ, ਬੌਧਿਕ ਅਤੇ ਭਾਵਨਾਤਮਕ ਸਥਿਰਤਾ ਅਤੇ ਸੰਤੁਲਨ, ਆਲੋਚਨਾਤਮਕ ਸੋਚ, ਸਮਾਜਿਕ ਨਿਆਂ ਅਤੇ ਰੁਜ਼ਗਾਰ ਕੇਂਦਰਿਤ ਹੁਨਰ ਹਾਸਿਲ ਕਰਨਗੇ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਜੀਵਨ ਭਰ ਸਿਖਦੇ ਰਹਿਣ ਲਈ ਤਿਆਰ ਕਰਦਾ ਹੈ।

**1. ਜਾਣ- ਪਛਾਣ (Introduction)**

ਐੱਮ.ਏ. (ਆਨਰਜ਼) ਪੰਜਾਬੀ ਦਾ ਪਾਠਕ੍ਰਮ ਵਿਦਿਆਰਥੀਆਂ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਮੁੱਢਲੀ ਸਮਝ ਵਿਕਸਿਤ ਕਰਨ ਤੋਂ ਲੈ ਕੇ ਸੰਸਾਰ ਭਰ ਵਿਚ ਪ੍ਰਚੱਲਤ ਨਵੀਆਂ ਅਧਿਐਨ ਵਿਧੀਆਂ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਰਚਾਰ ਦੀ ਪੜਚੋਲ ਕਰਨ ਦੇ ਯੋਗ ਬਣਾਉਂਦਾ ਹੈ। ਇਹ ਪਾਠਕ੍ਰਮ ਪੰਜਾਬੀ ਦੇ ਵੱਖ-ਵੱਖ ਇਤਿਹਾਸਕ ਸਮਿਆਂ ਦਰਮਿਆਨ ਵਿਕਸਿਤ ਹੋਈਆਂ ਵੱਖ ਵੱਖ ਲਹਿਰਾਂ ਦੇ ਉਗਮਣ, ਵਿਕਸਣ, ਬਿਨਸਣ ਬਾਰੇ ਵਿਦਿਆਰਥੀਆਂ ਵਿਚ ਸੰਤੁਲਤ ਸਮਝ ਪੈਦਾ ਕਰਦਾ ਹੈ। ਇਸ ਤਰ੍ਹਾਂ ਵਿਗਿਆਨਕ ਦ੍ਰਿਸ਼ਟੀ ਵਿਕਸਤ ਕਰਦਿਆਂ ਵਿਦਿਆਰਥੀਆਂ ਨੂੰ ਸੰਸਾਰ ਭਰ ਦੇ ਚਿੰਤਨ ਨਾਲ ਜੋੜਦਾ ਹੈ।

ਐੱਮ.ਏ. (ਆਨਰਜ਼) ਪੰਜਾਬੀ ਦਾ ਇਹ ਪਾਠਕ੍ਰਮ ਵਿਦਿਆਰਥੀਆਂ ਵਿਚ ਨਵਾਂ ਸਿੱਖਣ ਦੀ ਜਿਗਿਆਸਾ ਅਤੇ ਚੋਣ ਕਰਨ ਦੀ ਸਮਰੱਥਾ ਵਿਕਸਤ ਕਰਨ ਵਿਚ ਸਹਾਈ ਹੋਵੇਗਾ। ਪ੍ਰੋਗਰਾਮ ਦੇ ਅੰਤ ਤੱਕ ਵਿਦਿਆਰਥੀ ਵਿਚ ਹੇਠ ਲਿਖੀਆਂ ਯੋਗਤਾਵਾਂ ਵਿਕਸਤ ਹੋ ਸਕਣਗੀਆਂ।

- ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਵਿਸਤਰਿਤ ਗਿਆਨ ਦੀ ਰੌਸ਼ਨੀ ਵਿਚ ਵੱਖ ਵੱਖ ਤੱਥਾਂ ਨੂੰ ਸਮਝਣ, ਵਿਸ਼ਲੇਸ਼ਣ ਕਰਨ ਅਤੇ ਉਸਤੋਂ ਸੇਧ ਲੈਣ ਦੇ ਯੋਗ ਹੋ ਜਾਵੇਗਾ।
- ਪ੍ਰਾਪਤ ਗਿਆਨ ਦੀ ਦ੍ਰਿਸ਼ਟੀ ਨਾਲ ਸਮਾਜ, ਰਾਜਨੀਤੀ, ਸੱਭਿਆਚਾਰ, ਧਰਮ, ਆਰਥਿਕਤਾ, ਆਦਿ ਵਿਚ ਪੈਦਾ ਹੋ ਰਹੀਆਂ ਨਵੀਂ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਨ, ਸਬੰਧਤ ਵਿਸ਼ਿਆਂ ਵਿਚਲੀਆਂ ਘਾਟਾਂ ਅਤੇ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਨ, ਉਹਨਾਂ ਲਈ ਢੁਕਵੇਂ ਹੱਲ ਸੁਝਾਉਣ ਦੇ ਯੋਗ ਹੋ ਜਾਵੇਗਾ।

- ਨਤੀਜੇ ਵਜੋਂ ਵੱਖ ਵੱਖ ਸਾਮਿਅਕ ਸਥਿਤੀਆਂ ਨਾਲ ਸੰਵਾਦ ਰਚਾਉਂਦੇ ਹੋਏ ਉਹਨਾਂ ਵਿਚ ਸਾਕਾਰਾਤਮਕ ਬਦਲਾਅ ਲਈ ਆਪਣੇ ਭਾਵਾਂ ਦਾ ਯੋਗ, ਸੰਤੁਲਤ, ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਚਾਰ ਕਰਨ ਦੀ ਸਮਰੱਥਾ ਵਿਕਸਤ ਕਰ ਲਵੇਗਾ।

ਅਕਾਲ ਯੂਨੀਵਰਸਿਟੀ ਆਸਵੰਦ ਹੈ ਕਿ ਸਿੱਖਿਆ ਨਤੀਜੇ ਆਧਾਰਿਤ ਪਾਠਕ੍ਰਮ ਫਰੇਮਵਰਕ (Learning Outcomes-based Curriculum Framework (LOCF)) ਅਧੀਨ ਬਣਿਆ ਐੱਮ.ਏ. (ਆਨਰਜ਼) ਪੰਜਾਬੀ ਦਾ ਇਹ ਪਾਠਕ੍ਰਮ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਨਾਲ ਨਾਲ ਨਿਜੀ ਜਿੰਦਗੀ ਵਿਚ ਵੀ ਸੂਝਬੂਝ ਨਾਲ ਫੈਸਲੇ ਲੈਣ ਵਿਚ ਸਹਾਈ ਹੋਵੇਗਾ।

## 2. ਸਿੱਖਿਆ ਦੀਆਂ ਪ੍ਰਾਪਤੀਆਂ ‘ਤੇ ਆਧਾਰਿਤ ਪਾਠਕ੍ਰਮ ਦੀ ਯੋਜਨਾਬੰਦੀ (Learning Outcomes Based Approach to Curriculum Planning)

### 2.1. ਐੱਮ.ਏ. (ਆਨਰਜ) ਪੰਜਾਬੀ ਦਾ ਉਦੇਸ਼ (Aims of PG Programme in Punjabi)

ਐੱਮ.ਏ. (ਆਨਰਜ਼) ਪੰਜਾਬੀ ਦਾ ਉਦੇਸ਼ ਵਿਦਿਆਰਥੀਆਂ ਵਿਚ ਹਰ ਸਮੇਂ ਨਵਾਂ ਸਿੱਖਣ ਦੀ ਜਿਗਿਆਸਾ ਅਤੇ ਚੋਣ ਕਰਨ ਦੀ ਸਮਰੱਥਾ ਵਿਕਸਤ ਕਰਨਾ ਹੈ। ਪ੍ਰੋਗਰਾਮ ਦੇ ਅੰਤ ਤੱਕ ਵਿਦਿਆਰਥੀ ਵਿਚ ਹੇਠ ਲਿਖੀਆਂ ਯੋਗਤਾਵਾਂ ਵਿਕਸਤ ਹੋ ਸਕਣਗੀਆਂ।

- ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਵਿਸਤਰਿਤ ਗਿਆਨ ਦੀ ਰੋਸ਼ਨੀ ਵਿਚ ਵੱਖ ਵੱਖ ਤੱਥਾਂ ਨੂੰ ਸਮਝਣ, ਵਿਸ਼ਲੇਸ਼ਣ ਕਰਨ ਅਤੇ ਉਸਤੋਂ ਸੇਧ ਲੈਣ ਦੇ ਯੋਗ ਹੋ ਜਾਵੇਗਾ।
- ਪ੍ਰਾਪਤ ਗਿਆਨ ਦੀ ਦ੍ਰਿਸ਼ਟੀ ਨਾਲ ਸਮਾਜ, ਰਾਜਨੀਤੀ, ਸੱਭਿਆਚਾਰ, ਧਰਮ, ਆਰਥਿਕਤਾ, ਆਦਿ ਵਿਚ ਪੈਦਾ ਹੋ ਰਹੀਆਂ ਨਵੀਂ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਨ, ਸਬੰਧਤ ਵਿਸ਼ਿਆਂ ਵਿਚਲੀਆਂ ਘਾਟਾਂ ਅਤੇ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਨ, ਉਹਨਾਂ ਲਈ ਢੁਕਵੇਂ ਹੱਲ ਸੁਝਾਉਣ ਦੇ ਯੋਗ ਹੋ ਜਾਵੇਗਾ।
- ਨਤੀਜੇ ਵਜੋਂ ਵੱਖ ਵੱਖ ਸਾਮਿਅਕ ਸਥਿਤੀਆਂ ਨਾਲ ਸੰਵਾਦ ਰਚਾਉਂਦੇ ਹੋਏ ਉਹਨਾਂ ਵਿਚ ਸਾਕਰਾਤਮਕ ਬਦਲਾਅ ਲਈ ਆਪਣੇ ਭਾਵਾਂ ਦਾ ਯੋਗ, ਸੰਤੁਲਤ, ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਚਾਰ ਕਰਨ ਦੀ ਸਮਰੱਥਾ ਵਿਕਸਤ ਕਰ ਲਵੇਗਾ।
- ਇਸ ਕੋਰਸ ਦਾ ਉਦੇਸ਼ ਵਿਦਿਆਰਥੀ ਨੂੰ ਇਸ ਯੋਗ ਬਣਾਉਣਾ ਵੀ ਹੈ ਕਿ ਉਹ ਪੰਜਾਬੀ ਭਾਸ਼ਾ, ਸਾਹਿਤ, ਅਤੇ ਸੱਭਿਆਚਾਰ ਦੇ ਵਿਕਾਸ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੇ ਅਤੇ ਅਗਲੀ ਪੀੜ੍ਹੀ ਤੱਕ ਇਸ ਵਿਰਾਸਤ ਨੂੰ ਅੱਗੇ ਤੋਰਨ ਯੋਗ ਹੋ ਸਕੇ।

## 3. ਕੋਰਸ ਬਣਤਰ ਐੱਮ. ਏ. (ਆਨਰਜ) ਪੰਜਾਬੀ (M.A. (Hons.) Punjabi Course Structure)

### 3.1. ਚੋਣ ਆਧਾਰਿਤ ਕ੍ਰੈਡਿਟ ਸਿਸਟਮ (Choice Based Credit System)

ਐੱਮ.ਏ. (ਆਨਰਜ਼) ਪੰਜਾਬੀ ਦਾ ਇਹ ਪਾਠਕ੍ਰਮ ਅਕਾਲ ਯੂਨੀਵਰਸਿਟੀ ਦੁਆਰਾ ਅਪਣਾਏ ਗਏ ਚੋਣ ਆਧਾਰਿਤ ਕ੍ਰੈਡਿਟ ਸਿਸਟਮ (CBCS) ਅਨੁਸਾਰ ਹੈ।

### 3.2. ਕੋਰਸਾਂ ਦੀ ਕਿਸਮਾਂ (Type of Courses)

ਚੋਣ ਆਧਾਰਿਤ ਕ੍ਰੈਡਿਟ ਸਿਸਟਮ (CBCS) ਅਨੁਸਾਰ ਪਾਠਕ੍ਰਮ ਵਿਚ ਕੋਰਸਾਂ ਦੀਆਂ ਹੇਠ ਲਿਖੀਆਂ ਕਿਸਮਾਂ ਸ਼ਾਮਿਲ ਹਨ।

3.2.1. ਮੂਲ ਕੋਰਸ (Core Course): ਕੋਰ ਕੋਰਸ ਲਾਜਮੀ ਕੋਰਸ ਹੁੰਦਾ ਹੈ ਜੋ ਐੱਮ.ਏ. (ਆਨਰਜ਼) ਪੰਜਾਬੀ ਦੇ ਹਰ ਵਿਦਿਆਰਥੀ ਲਈ ਪੜ੍ਹਨਾ ਜਰੂਰੀ ਹੁੰਦਾ ਹੈ।

3.2.2. ਵਿਸ਼ੇ ਅਧਾਰਤ ਚੋਣਵੇਂ ਕੋਰਸ (Dscipline Specific Elective Course): ਇਹ ਕੋਰਸ ਐੱਮ.ਏ. (ਆਨਰਜ਼) ਪੰਜਾਬੀ ਦੇ ਵਿਦਿਆਰਥੀ ਨੂੰ ਵਿਸ਼ੇ ਦੇ ਅੰਤਰਗਤ ਆਉਂਦੇ ਖਾਸ ਖੇਤਰਾਂ ਵਿਚ ਮੁਹਾਰਤ ਪ੍ਰਾਪਤ ਕਰਨ ਦੀ ਚੋਣ ਦਿੰਦਾ ਹੈ। ਵਿਦਿਆਰਥੀ ਐੱਮ.ਏ. (ਆਨਰਜ਼) ਪੰਜਾਬੀ ਦੇ ਪਾਠਕ੍ਰਮ ਦੀ ਯੋਜਨਾਬੰਦੀ ਅਨੁਸਾਰ ਕੁੱਲ 8 ਵਿਸ਼ੇ

ਅਧਾਰਤ ਚੋਣਵੇਂ ਕੋਰਸ (DSE) ਪੜ੍ਹੇਗਾ ਜਿਹਨਾਂ ਦੀ ਚੋਣ ਐੱਮ.ਏ. (ਆਨਰਜ਼) ਪੰਜਾਬੀ ਦੇ ਹਰੇਕ ਸਮੈਸਟਰ ਵਿਚ 2 ਕੋਰਸ ਹੋਣਗੇ।

3.2.3. ਐੱਮ.ਏ. (ਆਨਰਜ਼) ਪੰਜਾਬੀ ਵਿਚ ਕੋਰਸਾਂ ਅਤੇ ਕ੍ਰੈਡਿਟਾਂ ਦੀ ਸੰਖਿਆ

- ਕੋਰ ਕੋਰਸ (Core Course): 10 ਕੋਰਸ (ਹਰੇਕ 5 ਕ੍ਰੈਡਿਟ ਦਾ)
- ਵਿਸ਼ੇ ਅਧਾਰਤ ਚੋਣਵੇਂ ਕੋਰਸ (Dscipline Specific Elective Course): ਇਹਨਾਂ ਕੋਰਸਾਂ ਦੀ ਕੁੱਲ ਗਿਣਤੀ 8 ਹੈ। ਹਰੇਕ ਕੋਰਸ 5 ਕ੍ਰੈਡਿਟ ਦਾ ਹੋਵੇਗਾ, ਪਰ ਕੋਰਸ ਖੋਜ ਨਿਬੰਧ ਦੇ 7 ਕ੍ਰੈਡਿਟ ਹੋਣਗੇ)

| Semester | Course Course (CC) of 5 credits each | Dscipline Specific Elective Course (DSE) of 5 credits each | Total Credits |
|---|---|---|---|
| **Sem-I** | CC-1<br>CC-2<br>CC-3 | DSE-1<br>DSE-2 | **25** |
| **Sem-II** | CC-4<br>CC-5<br>CC-6 | DSE-3<br>DSE-4 | **25** |
| **Sem-III** | CC-7<br>CC-8 | DSE-5<br>DSE-6 | **20** |
| **Sem-IV** | CC-9<br>CC-10 | DSE-7<br>DSE-8* | **20** |
| **Total Credits** | **50** | **40** | **90** |

* ਇਹ ਕੋਰਸ ਖੋਜ ਨਿਬੰਧ (PBI06D401) ਹੋਣ ਦੀ ਸੂਰਤ ਵਿਚ ਇਸਦੇ 7 ਕ੍ਰੈਡਿਟ ਹੋਣਗੇ ਅਤੇ ਕੁੱਲ ਕ੍ਰੈਡਿਟਾਂ ਸੰਖਿਆ **92** ਹੋਵੇਗੀ।

ਨੋਟ **(Note):**

- ਕੋਰ ਕੋਰਸਾਂ (CC) ਵਿਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਪੰਜਾਬੀ ਦੇ ਇਸ ਪ੍ਰੋਗਰਾਮ ਦੇ ਮੂਲ ਉਦੇਸ਼ਾਂ ਅਤੇ ਪ੍ਰਾਪਤੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।
- ਯੂਨੀਵਰਸਿਟੀ ਲੋੜੀਂਦੇ ਸਰੋਤਾਂ ਅਤੇ ਮਾਹਰਾਂ ਦੀ ਉਪਲਬਧਤਾ ਦੇ ਅਧਾਰ ਤੇ ਸ੍ਰੇਣੀਆਂ ਜਿਵੇਂ AECC, SEC, DSE, GE, ਆਦਿ ਵਿਚ ਨਵੇਂ ਕੋਰਸ ਸ਼ਾਮਿਲ ਕਰ ਸਕਦੀ ਹੈ।
- ਵਿਭਾਗ, ਬੋਰਡ ਆਫ ਸਟਡੀਜ਼, ਯੂਨੀਵਰਸਿਟੀ ਪ੍ਰੋਗਰਾਮ ਦੇ ਕੋਰਸਾਂ ਦੀ ਤਰਤੀਬ ਅਤੇ ਸਮੁੱਚੀ ਵਿਉਂਤਬੰਦੀ ਵਿਚ ਤਰਕਸੰਗਤ ਬਦਲਾਅ ਕਰ ਸਕਦੇ ਹਨ।

## 3.3. ਐੱਮ. ਏ. (ਆਨਰਜ) ਪੰਜਾਬੀ ਕੋਰਸਾਂ ਦੀ ਸੂਚੀ (List of Courses in M.A. (Hons.) Punjabi)

### 3.3.1. ਕੋਰ ਕੋਰਸ (Core Course (CC))

| SN | Course Course (CC) of 5 credits each |
|---|---|
| CC1 | ਆਧੁਨਿਕ ਪੰਜਾਬੀ ਕਾਵਿ |
| CC2 | ਪੰਜਾਬੀ ਗਲਪ |
| CC3 | ਪੰਜਾਬੀ ਭਾਸ਼ਾ: ਇਤਿਹਾਸਕਾਰੀ ਅਤੇ ਲਿਪਾਂਕਣਕਾਰੀ |
| CC4 | ਪੰਜਾਬੀ ਨਾਟਕ ਅਤੇ ਰੰਗਮੰਚ |
| CC5 | ਪੰਜਾਬੀ ਲੋਕਧਾਰਾ ਤੇ ਸੱਭਿਆਚਾਰ |

| | |
|---|---|
| CC6 | ਰੂਪ ਵਿਗਿਆਨ ਤੇ ਵਾਕ ਵਿਗਿਆਨ |
| CC7 | ਪੱਛਮੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ |
| CC8 | ਗੁਰਮਤਿ ਕਾਵਿ |
| CC9 | ਭਾਰਤੀ ਕਾਵਿ ਸ਼ਾਸਤਰ |
| CC10 | ਮੱਧਕਾਲੀ ਪੰਜਾਬੀ ਸਾਹਿਤ |

### 3.3.2. Dscipline Specific Elective Course (DSE)

| SN | Dscipline Specific Elective Course (DSE) of 6 credits each |
|---|---|
| DSE1 | ਪਾਕਿਸਤਾਨੀ ਪੰਜਾਬੀ ਸਾਹਿਤ |
| DSE2 | ਏਸ਼ੀਆਈ ਸਾਹਿਤ |
| DSE3 | ਡਾਇਸਪੋਰਾ ਅਤੇ ਪੰਜਾਬੀ ਸਾਹਿਤ |
| DSE4 | ਬਰਤਾਨਵੀ ਪੰਜਾਬੀ ਸਾਹਿਤ |
| DSE5 | ਪੰਜਾਬੀ ਵਾਰਤਕ |
| DSE6 | ਭਗਤ ਬਾਣੀ |
| DSE7 | ਸਾਹਿਤ ਦੀ ਇਤਿਹਾਸਕਾਰੀ ਅਤੇ ਪੰਜਾਬੀ ਸਾਹਿਤ |
| DSE8 | ਵਾਰਾਂ ਭਾਈ ਗੁਰਦਾਸ ਜੀ |
| DSE9 | ਵਿਸ਼ਵ ਸਾਹਿਤ |
| DSE10 | ਖੋਜ ਵਿਧੀ |
| DSE11 | ਪੰਜਾਬੀ ਭਾਸ਼ਾ ਵਿਗਿਆਨ |
| DSE12 | ਆਧੁਨਿਕ ਭਾਰਤੀ ਸਾਹਿਤ |
| DSE13 | ਕਲਾਸੀਕਲ ਭਾਰਤੀ ਸਾਹਿਤ |
| DSE14 | ਭਾਸ਼ਾ ਵਿਗਿਆਨ: ਸਿਧਾਂਤ ਅਤੇ ਸਰੂਪ |
| DSE15 | ਸਾਹਿਤ ਸਿਰਜਣਾ |
| DSE16 | ਪੰਜਾਬੀ ਸਵੈ-ਜੀਵਨੀ ਸਾਹਿਤ |
| DSE17 | ਪੰਜਾਬੀ ਮੀਡੀਆ |
| DSE18 | ਅਨੁਵਾਦ ਕਲਾ |
| DSE19 | ਪੰਜਾਬੀ ਭਾਸ਼ਾ ਦਾ ਕੰਪਿਊਟਰੀ ਗਿਆਨ |
| DSE20 | ਖੋਜ ਨਿਬੰਧ |

## 4. ਪੜ੍ਹਾਉਣ ਅਤੇ ਸਿੱਖਣ ਦੀ ਪ੍ਰਕਿਰਿਆ (Teaching Learning Process):

ਇਸ ਪ੍ਰੋਗਰਾਮ ਵਿੱਚ ਪੜ੍ਹਾਉਣ ਅਤੇ ਸਿੱਖਣ ਦੀ ਪ੍ਰਕਿਰਿਆ ਵਿੱਚ ਕਲਾਸਰੂਮ ਲੈਕਚਰ ਅਤੇ ਟਿਊਟੋਰਿਅਲ ਸ਼ਾਮਲ ਹਨ।

- ਲੈਕਚਰ ਵਿਧੀ ਰਾਹੀਂ ਪੂਰੇ ਪ੍ਰੋਗਰਾਮ ਦੇ ਕੋਰਸਾਂ ਨੂੰ ਵਿਦਿਆਰਥੀਆਂ ਨਾਲ ਰੌਚਕ ਤਰੀਕੇ ਨਾਲ ਵਿਸਤਰਤ ਰੂਪ ਵਿਚ ਸਾਂਝਾ ਕੀਤਾ ਜਾਂਦਾ ਹੈ। ਜਿਸ ਰਾਹੀਂ ਵਿਦਿਆਰਥੀ ਨੂੰ ਸਬੰਧਤ ਵਿਸ਼ੇ ਦੀ ਭਰਪੂਰ ਜਾਣਕਾਰੀ ਮਿਲਦੀ ਹੈ।

- ਟਿਊਟੋਰਿਅਲ ਵਿਦਿਆਰਥੀਆਂ ਅਤੇ ਅਧਿਆਪਕ ਵਿਚਕਾਰ ਨਜ਼ਦੀਕੀ ਗੱਲਬਾਤ ਲਈ ਮੌਕੇ ਪ੍ਰਦਾਨ ਕਰਦੇ ਹਨ। ਜਿਸ ਨਾਲ ਹਰੇਕ ਵਿਦਿਆਰਥੀ ਦੀਆਂ ਵਿਅਕਤੀਗਤ ਲੋੜਾਂ ਵੱਲ ਧਿਆਨ ਜਾਂਦਾ ਹੈ।

- ਮੈਂਟਰਿੰਗ ਇਸ ਪ੍ਰੋਗਰਾਮ ਵਿੱਚ ਪੜ੍ਹਾਉਣ ਅਤੇ ਸਿੱਖਣ ਦੀ ਪ੍ਰਕਿਰਿਆ ਦਾ ਅਹਿਮ ਹਿੱਸਾ ਹੈ ਜਿਸ ਨਾਲ ਅਧਿਆਪਕ ਹਰੇਕ ਵਿਦਿਆਰਥੀ ਦੀ ਤਰੱਕੀ ਅਤੇ ਉਸਦੀਆਂ ਵਿਅਕਤੀਗਤ ਮੁਸ਼ਕਿਲਾਂ ਨੂੰ ਸਮਝਣ ਅਤੇ ਉਹਨਾਂ ਦਾ ਹੱਲ ਲੱਭਣ ਲਈ ਯਤਨ ਕਰਦਾ ਹੈ।

- ਇਸ ਪ੍ਰੋਗਰਾਮ ਵਿੱਚ ਪੜ੍ਹਾਉਣ ਅਤੇ ਸਿੱਖਣ ਦੀ ਪ੍ਰਕਿਰਿਆ ਵਿਚ ਵਿਦਿਆਰਥੀਆਂ ਨੂੰ ਅਸਾਈਨਮੈਂਟ ਅਤੇ ਪ੍ਰੋਜੈਕਟ ਵੀ ਕਰਵਾਏ ਜਾਂਦੇ ਹਨ।

- ਕੁਝ ਕੋਰਸਾਂ ਵਿੱਚ ਪ੍ਰੈਕਟੀਕਲ ਭਾਗ ਹੈ ਜਿਸ ਤਹਿਤ ਵਿਦਿਆਰਥੀ ਲੈਬ ਵਿਚ ਪ੍ਰੈਕਟੀਕਲ ਕਰਨਗੇ।

- ਵਿਦਿਆਰਥੀਆਂ ਦੀ ਸਿੱਖਣ ਪ੍ਰਕਿਰਿਆ ਦੀ ਨਿਰੰਤਰਤਾ ਲਈ ਸੋਮਵਾਰੀ ਇਮਤਿਹਾਨ **(Monday Test)** ਸ਼ਾਮਿਲ ਹਨ। ਜੋ ਸਿੱਖਣ – ਸਿਖਾਉਣ ਦੀ ਪ੍ਰਕਿਰਿਆ ਦੀਆਂ ਸਮਰੱਥਾਵਾਂ ਅਤੇ ਕਮਜੋਰੀਆਂ ਦੀ ਨਿਸ਼ਨਦੇਹੀ ਕਰਨ ਅਤੇ ਲੋੜੀਂਦੇ ਸੁਧਾਰ ਕਰਨ ਵਿਚ ਸਹਾਈ ਹੁੰਦੇ ਹਨ। ਇਸ ਪ੍ਰਕਿਰਿਆ ਰਾਹੀਂ ਹੀ ਵਿਸ਼ੇ ਵਿਚਲੇ ਔਖੇ ਅਤੇ ਸੌਖੇ ਹਿੱਸਿਆਂ ਦੇ ਨਾਲ ਨਾਲ ਹੁਸ਼ਿਆਰ ਅਤੇ ਕਮਜੋਰ ਵਿਦਿਆਰਥੀਆਂ ਦੀ ਨਿਸ਼ਾਨਦੇਹੀ ਵੀ ਲਗਾਤਾਰ ਹੁੰਦੀ ਰਹਿੰਦੀ ਹੈ।

- ਜਿਸ ਦੇ ਸਿੱਟੇ ਵਜੋਂ ਹੁਸ਼ਿਆਰ ਵਿਦਿਆਰਥੀਆਂ ਲਈ ਸਿੱਖਿਣ ਦੇ ਹੋਰ ਮੌਕੇ ਅਤੇ ਕਮਜੋਰ ਵਿਦਿਆਰਥੀਆਂ ਲਈ ਰੈਮੀਡੀਅਲ ਕਲਾਸਾਂ ਦਾ ਇੰਤਜਾਮ ਕਰਨਾ ਵੀ ਇਸ ਕੋਰਸ ਦੀ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਦਾ ਹਿੱਸਾ ਹੈ।

**5.** ਮੁਲਾਂਕਣ ਦਾ ਤਾਰੀਕਾਕਾਰ ਅਤੇ ਪ੍ਰਸ਼ਨ ਪੱਤਰ ਤਿਆਰ ਕਰਨ ਲਈ ਹਦਾਇਤਾਂ **(Assesment Method & Instructions for Paper Setter):**

ਮੁਲਾਂਕਣਕਾਰੀ ਦੀ ਦ੍ਰਿਸ਼ਟੀ ਤੋਂ ਕੋਰਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

- ਪਹਿਲੇ ਹਿੱਸੇ ਵਿਚ ਅੰਦਰੂਨੀ ਮੁਲਾਂਕਕਣਕਾਰੀ ਵਜੋਂ 20 ਅੰਕਾਂ ਵਿਚੋਂ ਅੰਕ ਦਿੱਤੇ ਜਾਣਗੇ: ਇਹ ਅੰਕ ਸੋਮਵਾਰੀ ਇਮਤਿਹਾਨ (Monday Test), ਹਾਜਰੀਆਂ ਅਤੇ ਰੋਜਾਨਾ ਵਿਵਹਾਰ ਉਪਰ ਅਧਾਰਿਤ ਹੋਣਗੇ।

- ਦੂਜੇ ਹਿੱਸੇ ਵਿਚ ਸਮੈਸਟਰ ਦੇ ਅੰਤ ਵਿਚ ਬਹੁ-ਚੋਣ ਪ੍ਰਸ਼ਨ (MCQ) ਦਾ ਇਮਤਿਹਾਨ ਲਿਆ ਜਾਵੇਗਾ, ਇਸ ਵਿਚ ਕੁੱਲ 20 ਪ੍ਰਸ਼ਨ ਹੋਣਗੇ, ਹਰੇਕ ਸਹੀ ਉਤਰ ਦਾ 1 ਅੰਕ ਮਿਲੇਗਾ ਅਤੇ ਹਰੇਕ ਗਲਤ ਉੱਤਰ ਦੇ 0.25 ਅੰਕ ਕੱਟੇ ਜਾਣਗੇ।

- ਤੀਜੇ ਹਿੱਸੇ ਵਿਚ ਲਿਖਤੀ (Theory) ਇਮਤਿਹਾਨ ਹੋਵੇਗਾ ਜਿਸ ਦਾ ਕੁਲ ਸਮਾਂ ਤਿੰਨ ਘੰਟੇ ਦਾ ਹੋਵੇਗਾ। ਇਸ ਦੇ 60 ਅੰਕ ਹੋਣਗੇ। ਪ੍ਰਸ਼ਨ-ਪੱਤਰ 5 ਭਾਗਾਂ ਵਿਚ ਵੰਡਿਆ ਜਾਵੇਗਾ। ਪ੍ਰਸ਼ਨ ਪੱਤਰ ਦੇ ਪਹਿਲੇ ਭਾਗ ਵਿਚ ਸਿਲੇਬਸ ਦੇ ਸਾਰੇ ਭਾਗਾਂ ਵਿਚੋਂ ਇਕੋ ਜਿਨ੍ਹੀ ਪ੍ਰਤੀਨਿਧਤਾ ਦੇ ਕੇ ਛੋਟੇ ਉੱਤਰਾਂ ਵਾਲੇ 6 ਪ੍ਰਸ਼ਨ ਪੁੱਛੇ ਜਾਣਗੇ, ਸਾਰੇ ਪ੍ਰਸ਼ਨਾਂ ਦੇ ਉਤਰ ਜਰੂਰੀ ਹੋਣਗੇ। ਇਕ ਪ੍ਰਸ਼ਨ ਦੇ 2 ਅੰਕ ਹੋਣਗੇ ($2\times6=12$)। ਬਾਕੀ 4 ਭਾਗਾਂ ਵਿਚ ਸਿਲੇਬਸ ਦੇ ਹਰੇਕ ਭਾਗ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿਚੋਂ ਇਕ ਦਾ ਉੱਤਰ ਲਿਖਣਾ ਹੋਵੇਗਾ। ਇਕ ਪ੍ਰਸ਼ਨ ਦੇ 12 ਅੰਕ ਹੋਣਗੇ ($12\times4=48$)।

## SEMESTER: I SCHEME OF TEACHING & EXAMINATION

| COURSE NATURE | COURSE CODE | COURSE NAME/TITLE | (HRS. PER WEEK) | | | CREDITS | MARKS | | |
|---|---|---|---|---|---|---|---|---|---|
| | | | L | T | P | | INT | MCQ | TH |
| Core | PBI06C101 | ਆਧੁਨਿਕ ਪੰਜਾਬੀ ਕਾਵਿ | 4 | 1 | - | 5 | 20 | 20 | 60 |
| Core | PBI06C102 | ਪੰਜਾਬੀ ਗਲਪ | 4 | 1 | - | 5 | 20 | 20 | 60 |
| Core | PBI06C103 | ਪੰਜਾਬੀ ਭਾਸ਼ਾ: ਇਤਿਹਾਸਕਾਰੀ ਅਤੇ ਲਿਪਾਂਕਣਕਾਰੀ | 4 | 1 | - | 5 | 20 | 20 | 60 |
| DSE* | --- | ਵਿਕਲਪ | 4 | 1 | - | 5 | 20 | 20 | 60 |
| DSE* | --- | ਵਿਕਲਪ | 4 | 1 | - | 5 | 20 | 20 | 60 |
| | | **TOTAL** | **20** | **5** | | **25** | **100** | **100** | **300** |

*Abbreviations; L-Lecture, T-Totrial, P-Practical, INT-Internal, MCQ-Multiple Choice Questions, TH-Theory*

*The student can opt DSE (Discipline Specific Elective Course) from the list given at the end of this scheme.

In the course ਪੰਜਾਬੀ ਭਾਸ਼ਾ ਦਾ ਕੰਪਿਊਟਰੀ ਗਿਆਨ (PBI06EX19), the distribution of credits will be Lecture- 3 credits and Practical- 2 credits. The Medium of this course is Punjabi. The marks distribution is as following:

Theory = 100 marks (Internal-20 marks, MCQ-20 marks, end semester exam-60)

Practical = 50 marks (Internal-10 marks & External-40)

## SEMESTER: II SCHEME OF TEACHING & EXAMINATION

| COURSE NATURE | COURSE CODE | COURSE NAME/TITLE | (HRS. PER WEEK) | | | CREDITS | MARKS | | |
|---|---|---|---|---|---|---|---|---|---|
| | | | L | T | P | | INT | MCQ | TH |
| Core | PBI06C201 | ਪੰਜਾਬੀ ਨਾਟਕ ਅਤੇ ਰੰਗਮੰਚ | 4 | 1 | - | 5 | 20 | 20 | 60 |
| Core | PBI06C202 | ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ | 4 | 1 | - | 5 | 20 | 20 | 60 |
| Core | PBI06C203 | ਰੂਪ ਵਿਗਿਆਨ ਤੇ ਵਾਕ ਵਿਗਿਆਨ | 4 | 1 | - | 5 | 20 | 20 | 60 |
| DSE* | --- | ਵਿਕਲਪ | 4 | 1 | - | 5 | 20 | 20 | 60 |
| DSE* | --- | ਵਿਕਲਪ | 4 | 1 | - | 5 | 20 | 20 | 60 |
| **TOTAL (This Semester)** | | | **20** | **5** | | **25** | **100** | **100** | **300** |
| **COMMULATIVE TOTAL (1st & 2nd Sem)** | | | **40** | **10** | | **50** | **200** | **200** | **600** |

*Abbreviations; L-Lecture, T-Totrial, P-Practical, INT-Internal, MCQ-Multiple Choice Questions, TH-Theory*

*The student can opt DSE (Discipline Specific Elective Course) from the list given at the end of this scheme.

In the course ਪੰਜਾਬੀ ਭਾਸ਼ਾ ਦਾ ਕੰਪਿਊਟਰੀ ਗਿਆਨ (PBI06EX19), the distribution of credits will be Lecture- 3 credits and Practical- 2 credits. The Medium of this course is Punjabi. The marks distribution is as following:

Theory = 100 marks (Internal-20 marks, MCQ-20 marks, end semester exam-60)
Practical = 50 marks (Internal-10 marks & External-40)

## SEMESTER: III SCHEME OF TEACHING & EXAMINATION

| COURSE NATURE | COURSE CODE | COURSE NAME/TITLE | (HRS. PER WEEK) | | | CREDITS | MARKS | | |
|---|---|---|---|---|---|---|---|---|---|
| | | | L | T | P | | INT | MCQ | TH |
| Core | PBI06C301 | ਪੱਛਮੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ | 4 | 1 | - | 5 | 20 | 20 | 60 |
| Core | PBI06C302 | ਗੁਰਮਤਿ ਕਾਵਿ | 4 | 1 | - | 5 | 20 | 20 | 60 |
| DSE* | ---- | ਵਿਕਲਪ | 4 | 1 | - | 5 | 20 | 20 | 60 |
| DSE* | ---- | ਵਿਕਲਪ | 4 | 1 | - | 5 | 20 | 20 | 60 |
| **TOTAL (This Semester)** | | | **16** | **4** | **-** | **20** | **80** | **80** | **240** |
| **COMMULATIVE TOTAL (1st , 2nd & 3rd Sem)** | | | **56** | **14** | | **70** | **280** | **280** | **840** |

*Abbreviations; L-Lecture, T-Totrial, P-Practical, INT-Internal, MCQ-Multiple Choice Questions, TH-Theory*

*The student can opt DSE (Discipline Specific Elective Course) from the list given at the end of this scheme.

In the course ਪੰਜਾਬੀ ਭਾਸ਼ਾ ਦਾ ਕੰਪਿਊਟਰੀ ਗਿਆਨ (PBI06EX19), the distribution of credits will be Lecture- 3 credits and Practical- 2 credits. The Medium of this course is Punjabi. The marks distribution is as following:

Theory = 100 marks (Internal-20 marks, MCQ-20 marks, end semester exam-60)
Practical = 50 marks (Internal-10 marks & External-40)

## SEMESTER: IV SCHEME OF TEACHING & EXAMINATION

| COURSE NATURE | COURSE CODE | COURSE NAME/TITLE | (HRS. PER WEEK) | | | CREDITS | MARKS | | |
|---|---|---|---|---|---|---|---|---|---|
| | | | L | T | P | | INT | MCQ | TH |
| Core | PBI06C401 | ਭਾਰਤੀ ਕਾਵਿ ਸ਼ਾਸਤਰ | 4 | 1 | - | 5 | 20 | 20 | 60 |
| Core | PBI06C402 | ਮੱਧਕਾਲੀ ਪੰਜਾਬੀ ਸਾਹਿਤ | 4 | 1 | - | 5 | 20 | 20 | 60 |
| DSE* | ---- | ਵਿਕਲਪ | 4 | 1 | - | 5 | 20 | 20 | 60 |
| DSE* | ---- | ਵਿਕਲਪ** | 4 | 1 | - | 5 | 20 | 20 | 60 |
| **Total** | | | **16** | **4** | | **20** | **80** | **80** | **240** |
| **Commulative Total (1st , 2nd , 3rd & 4th Sem)** | | | **72** | **18** | **-** | **90** | **380** | **380** | **1080** |

*Abbreviations; L-Lecture, T-Totrial, P-Practical, INT-Internal, MCQ-Multiple Choice Questions, TH-Theory*

*The student can opt DSE (Discipline Specific Elective Course) from the list given at the end of this scheme.

** If this DSE course is ਖੋਜ ਨਿਬੰਧ **(**PBI06EX20), then it will be of 7 credits and the commulative will be 92 credits. The marks distribution will be internal 40 marks and 60 external marks.

**List of DSE (Discipline Specific Elective) Courses**

1. PBI06EX01 ਪਾਕਿਸਤਾਨੀ ਪੰਜਾਬੀ ਸਾਹਿਤ
2. PBI06EX02 ਏਸ਼ੀਆਈ ਸਾਹਿਤ
3. PBI06EX03 ਡਾਇਸਪੋਰਾ ਅਤੇ ਪੰਜਾਬੀ ਸਾਹਿਤ
4. PBI06EX04 ਬਰਤਾਨਵੀ ਪੰਜਾਬੀ ਸਾਹਿਤ
5. PBI06EX05 ਪੰਜਾਬੀ ਵਾਰਤਕ
6. PBI06EX06 ਭਗਤ ਬਾਣੀ
7. PBI06EX07 ਸਾਹਿਤ ਦੀ ਇਤਿਹਾਸਕਾਰੀ ਅਤੇ ਪੰਜਾਬੀ ਸਾਹਿਤ
8. PBI06EX08 ਵਾਰਾਂ ਭਾਈ ਗੁਰਦਾਸ ਜੀ
9. PBI06EX09 ਵਿਸ਼ਵ ਸਾਹਿਤ
10. PBI06EX10 ਖੋਜ ਵਿਧੀ
11. PBI06EX11 ਪੰਜਾਬੀ ਭਾਸ਼ਾ ਵਿਗਿਆਨ
12. PBI06EX12 ਆਧੁਨਿਕ ਭਾਰਤੀ ਸਾਹਿਤ
13. PBI06EX13 ਕਲਾਸੀਕਲ ਭਾਰਤੀ ਸਾਹਿਤ
14. PBI06EX14 ਭਾਸ਼ਾ ਵਿਗਿਆਨ: ਸਿਧਾਂਤ ਅਤੇ ਸਰੂਪ
15. PBI06EX15 ਸਾਹਿਤ ਸਿਰਜਣਾ
16. PBI06EX16 ਪੰਜਾਬੀ ਸਵੈ-ਜੀਵਨੀ ਸਾਹਿਤ
17. PBI06EX17 ਪੰਜਾਬੀ ਮੀਡੀਆ
18. PBI06EX18 ਅਨੁਵਾਦ ਕਲਾ
19. PBI06EX19 ਪੰਜਾਬੀ ਭਾਸ਼ਾ ਦਾ ਕੰਪਿਊਟਰੀ ਗਿਆਨ #
20. PBI06EX20 ਖੋਜ ਨਿਬੰਧ**

# In the course ਪੰਜਾਬੀ ਭਾਸ਼ਾ ਦਾ ਕੰਪਿਊਟਰੀ ਗਿਆਨ (PBI06EX19), the distribution of credits will be Lecture- 3 credits and Practical- 2 credits. The Medium of this course is Punjabi. The marks distribution is as following:

Theory = 100 marks (Internal-20 marks, MCQ-20 marks, end semester exam-60)

Practical = 50 marks (Internal-10 marks & External-40)

** If this DSE course is ਖੋਜ ਨਿਬੰਧ **(**PBI06EX20), then it will be of 7 credits and the commulative will be 92 credits. The marks distribution will be internal 40 marks and 60 external marks.